ਸੂਚਨਾ ਤੇ ਜ਼ਿਲ੍ਹਾ ਲੋਕ ਸੰਪਰਕ ਦਫਤਰ, ਫ਼ਾਜ਼ਿਲਕਾ

**-ਕੋਵਿਡ 19-**

# ਵਿਧਾਇਕ ਆਵਲਾ ਨੇ ਸ਼ਹਿਰ ’ਚ ਸ਼ੁਰੂ ਕੀਤਾ ਸੈਨੇਟਾਈਜਰ ਵੰਡਣ ਦਾ ਕੰਮ

## *ਲੋਕ ਔਖੀ ਘੜੀ ’ਚ ਲੋੜੀਵੰਦਾਂ ਦੀ ਸਹਾਇਤਾ ਲਈ ਅੱਗੇ ਆਉਣ-ਵਿਧਾਇਕ ਆਵਲਾ

ਜਲਾਲਾਬਾਦ /ਫ਼ਾਜਿਲਕਾ, 8 ਅਪਰੈਲ

ਕੋਰੋਨਾ ਵਾਇਰਸ ਮਹਾਂਮਾਰੀ ਦੇ ਬਚਾਅ ਲਈ ਵਿਧਾਇਕ ਰਮਿੰਦਰ ਆਵਲਾ ਨੇ ਜਲਾਲਾਬਾਦ ਸ਼ਹਿਰ ਲਈ ਬਾਅਦ ਦੁਪਹਿਰ ਆਪਣੇ ਵਰਕਰਾਂ ਨੂੰ ਘਰ-ਘਰ ਜਾ ਕੇ ਸੈਨੇਟਾਈਜਰ ਵੰਡਣ ਲਈ ਰਵਾਨਾ ਕੀਤਾ। ਸ਼ਹਿਰ ਦੇ ਵੱਖ-ਵੱਖ ਵਾਰਡਾਂ ‘ਚ ਆਵਲਾ ਪਰਿਵਾਰ ਦੇ ਮੈਂਬਰ ਜੋਨੀ ਆਵਲਾ, ਸਚਿਨ ਆਵਲਾ ਅਤੇ ਸੁਮਿਤ ਆਵਲਾ ਦੀ ਦੇਖਰੇਖ ਹੇਠ ਵਲੰਟੀਅਰਾਂ ਨੇ ਘਰ-ਘਰ ਜਾ ਕੇ ਸੈਨੇਟਾਈਜਰ ਵੰਡਾਉਣ ਦਾ ਕੰਮ ਸੁਰੂ ਕੀਤਾ।

ਵਿਧਾਇਕ ਆਵਲਾ ਨੇ ਦੱਸਿਆ ਕਿ ਘਰਾਂ ‘ਚ ਸੈਨੇਟਾਈਜਰ ਵੰਡਣ ਤੋਂ ਪਹਿਲਾਂ ਵਲੰਟੀਅਰ ਤੇ ਵਰਕਰ ਆਪਣੇ ਹੱਥਾਂ ਨੂੰ ਪੂਰੀ ਤਰ੍ਹਾਂ ਸੈਨੇਟਾਈਜ ਕਰਨਗੇ ਅਤੇ ਬਾਅਦ ‘ਚ ਘਰ-ਘਰ ਸੈਨੇਟਾਈਜਰ ਵੰਡੇ ਜਾਣਗੇ। ਉਨ੍ਹਾਂ ਦੱਸਿਆ ਕਿ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਉਨ੍ਹਾਂ ਦੀ ਪਹਿਲ ਕਦਮੀ ਹੈ ਅਤੇ ਨਾਲ ਹੀ ਲੋੜੀਦੇ ਪਰਿਵਾਰਾਂ ਤੱਕ ਰਾਸਨ ਪਹੁੰਚਾਉਣ ਦੀਆਂ ਵੀ ਕੋਸ਼ਿਸ਼ਾਂ ਲਗਾਤਾਰ ਜਾਰੀ ਹਨ। ਉਨ੍ਹਾਂ ਦੱਸਿਆ ਕਿ ਲੋਕ ਕਰਫਿਊ ਦਾ ਪਾਲਣ ਕਰਨ ਤੇ ਜਰੂਰਤ ਪੈਣ ਤੇ ਹੀ ਘਰ ਤੋਂ ਬਾਹਰ ਨਿਕਲਣ। ਉਨ੍ਹਾਂ ਦੱਸਿਆ ਕਿ ਕੋਰੋਨਾ ਵਾਇਰਸ ਦੇ ਨਾਲ ਅਸਲੀ ਲੜਾਈ ਲੋਕਾਂ ਨੂੰ ਖੁਦ ਆਪ ਲੜਣੀ ਹੈ ਅਤੇ ਇਸ ਲਈ ਲੋਕਾਂ ਨੂੰ ਸਰਕਾਰੀ ਨਿਰਦੇਸਾਂ ਦਾ ਪਾਲਣ ਜਰੂਰ ਕਰਨਾ ਚਾਹੀਦਾ ਹੈ। ਉਨ੍ਹਾਂ ਸਾਫ ਕਿਹਾ ਕਿ ਹਲਕੇ ਦੇ ਕਿਸੇ ਵੀ ਲੋੜੀਦੇ ਪਰਿਵਾਰ ਤੱਕ ਜੇਕਰ ਰਾਸ਼ਨ ਨਹੀਂ ਪਹੁੰਚ ਰਿਹਾ ਤਾਂ ਉਹ ਪਰਿਵਾਰ ਸਿੱਧਾ ਉਨ੍ਹਾਂ ਨਾਲ ਸੰਪਰਕ ਕਰਨ ਤਾਂ ਜੋ ਉਨ੍ਹਾਂ ਦੀ ਸਮੱਸਿਆ ਦਾ ਹੱਲ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਉਨ੍ਹਾਂ ਮਕਸਦ ਰਾਜਨੀਤੀ ਨਹੀਂ ਬਲਕਿ ਸਿਰਫ ਲੋਕਾਂ ਦੀ ਸੇਵਾ ਕਰਨਾ ਹੈ।

ਤਸਵੀਰਾਂ

ਵਿਧਾਇਕ ਰਮਿੰਦਰ ਆਵਲਾ ਆਪਣੇ ਵਰਕਰਾਂ ਨੂੰ ਸੈਨੇਟਾਈਜਰ ਘਰ-ਘਰ ਪਹੁੰਚਾਉਣ ਲਈ ਰਵਾਨਾ ਕਰਦੇ ਹੋਏ ਨਾਲ ਮੌਜੂਦ ਸਚਿਨ ਆਵਲਾ

ਸੂਚਨਾ ’ਤੇ ਜ਼ਿਲ੍ਹਾ ਲੋਕ ਸੰਪਰਕ ਦਫ਼ਤਰ, ਫਾਜ਼ਿਲਕਾ

# ਡਰੋਨ ਰਾਹੀਂ ਕਰਫਿਊ ਦੀ ਸਥਿਤੀ ਦਾ ਲਿਆ ਜਾ ਰਿਹੇ ਜਾਇਜ਼ਾ-ਐਸ.ਐਸ.ਪੀ

***ਕਰਫਿਊ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ ਹੁਣ ਤੱਕ 169 ਮੁਕੱਦਮੇ ਦਰਜ ਕਰਕੇ ਕੁੱਲ 382 ਵਿਅਕਤੀ ਗ੍ਰਿਫਤਾਰ**

ਫਾਜ਼ਿਲਕਾ, 1 ਅਪ੍ਰੈਲ

ਕਰਫਿਓ ਦੀ ਓਲਘਣਾ ਕਰਨ ਵਾਲਿਆਂ ਦੀ ਹੁਣ ਖੈਰ ਨਹੀਂ ਹ। ਜ਼ਿਲ੍ਹਾ ਪਲਿਸ ਫ਼ਾਜਿਲਕਾ ਵਲਂ ਡਰੋਨ ਰਾਹੀ ਕਰਫਿਊ ਦੀ ਸਥਿਤੀ ਤੇ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ ਅਤੇ ਸਮੇਂ ਸਮੇਂ ਹਰੇਕ ਗਲੀ, ਮੁਹੱਲੇ ਅਤੇ ਆਲੇ-ਦੁਆਲੇ ਬਾਜ਼ਾਰਾਂ ਦੀ ਹਰੇਕ ਗਤਿਵਿਧੀ ਦਾ ਜਾਇਜ਼ਾ ਲੈ ਕੇ ਕਾਰਵਾਈ ਅਮਲ ’ਚ ਲਿਆਂਦੀ ਜਾ ਰਹੀ ਹੈ।

ਡਰੋਨ ਰਾਹੀਂ ਫਾਜ਼ਿਲਕਾ ਜ਼ਿਲ੍ਹੇ ਵਿਚ ਕੀਤੀ ਜਾ ਰਹੀ ਪਹਿਰਦਾਰੀ ਬਾਰ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪਲਿਸ ਮਖੀ ਸ. ਹਰਜੀਤ ਸਿੰਘ ਨ ਦਸਿਆ ਕਿ ਪੰਜਾਬ ਸਰਕਾਰ ਵਲਂ ਇਹ ਕਰਫਿਓ ਕੋਰੋਨਾ ਨਾਮ ਦੀ ਇੱਕ ਭਿਆਨਕ ਮਹਾਂਮਾਰੀ ਨੂੰ ਰੋਕਣ ਲਈ ਲਗਾਇਆ ਗਿਆ ਅਤੇ ਅਜਿਹੇ ਵਿਚ ਇਹ ਬਹੁਤ ਜਰਰੀ ਹ ਕਿ ਲਕ ਆਪਣ ਘਰਾਂ ਵਿਚ ਹੀ ਰਹਿਣ ਤਾਂ ਜੋ ਇਹ ਬਿਮਾਰੀ ਇੱਕ ਦੂਜ ਤਂ ਅੱਗ ਨਾ ਫੈਲ ਸਕ। ਓਨਾਂ ਕਿਹਾ ਕਿ ਪਲਿਸ ਨੂੰ ਸ਼ਿਕਾਇਤਾਂ ਮਿਲ ਰਹੀਆਂ ਸਨ ਕਿ ਫ਼ਾਜ਼ਿਲਕਾ, ਅਬੋਹਰ ਅਤੇ ਜਲਾਲਾਬਾਦ ਦੇ ਅੰਦਰਨੀ ਹਿਸਿਆਂ ਅਤੇ ਕਲਨੀਆਂ ਵਿਚ ਕਝ ਲਕ ਆਪਣ ਘਰਾਂ ਤਂ ਬਾਹਰ ਆ ਕ ਤਾਸ਼, ਕ੍ਰਿਕਟ ਅਤੇ ਹਰ ਖਡਾਂ ਖਡ ਰਹੇ ਹਨ ਜਾਂ ਬਿਨਾਂ ਵਜਾ ਇਕੱਠ ਹ ਰਹੇ ਹਨ। ਓਨਾਂ ਕਿਹਾ ਕਿ ਡਰੋਨ ਰਾਹੀਂ ਹੁਣ ਪਰ ਜ਼ਿਲ੍ਹੇ ਦੀ ਅਸਮਾਨ ਓਪਰੋਂ ਨਜ਼ਰ ਰੱਖੀ ਜਾਵੇਗੀ ਅਤੇ ਜਿਸ ਮਹਲੇ ਜਾਂ ਕਲਨੀ ਵਿਚ ਲਕ ਘਰਾਂ ਤਂ ਬਾਹਰ ਹਣਗ ਓਥੇ ਤੁਰੰਤ ਪਲਿਸ ਫੋਰਸ ਭਜ ਕ ਘਰ ਤਂ ਬਾਹਰ ਆਇ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਜਾਵੇਗਾ।

ਐੱਸ.ਐੱਸ.ਪੀ. ਸ. ਹਰਜੀਤ ਸਿੰਘ ਨ ਕਿਹਾ ਕਿ ਜਿਹੜੇ ਵਿਅਕਤੀ ਕਰਫਿਓ ਦੀ ਓਲਘਣਾ ਕਰਨਗ ਓਨਾਂ ਖਿਲਾਫ 2005 ਦੇ ਆਪਦਾ ਪ੍ਰਬਧਨ ਐਕਟ ਤਹਿਤ ਜਿਸ ਨ ਹੁਣ ਕੋਵਿਡ 19 ਵਾਇਰਸ ਕਾਰਨ ਪੈਦਾ ਹਇ ਸਕਟ ਨਾਲ ਨਜਿੱਠਣ ਲਈ ਸਾਰ ਦੇਸ਼ ਵਿੱਚ ਲਾਗ ਕੀਤਾ ਗਿਆ ਹ, ਤਹਿਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਓਨਾਂ ਕਿਹਾ ਕਿ ਆਪਦਾ ਪ੍ਰਬੰਧਨ ਐਕਟ ਤਹਿਤ 2 ਸਾਲ ਤਕ ਦੀ ਕੈਦ ਹ ਸਕਦੀ ਹ। ਉਨ੍ਹਾਂ ਕਿਹਾ ਕਿ ਕਰਿਫਓ ਦੀ ਓਲਘਣਾ ਕਰਨ ਵਾਲਿਆਂ ਨਾਲ ਕੋਈ ਨਰਮੀ ਨਹੀਂ ਵਰਤੀ ਜਾਵੇਗੀ। ਬਹੁ ਮੰਤਵੀ ਖੇਡ ਸਟੇਡੀਅਮ ਫ਼ਾਜ਼ਿਲਕਾ, ਬਹੁ ਮੰਤਵੀ ਖੇਡ ਸਟੇਡੀਅਮ ਜਲਾਲਾਬਾਦ ਅਤੇ ਡੀ.ਏ.ਵੀ. ਕਾਲਜ ਦੇ ਆਡੀਟੋਰੀਅਮ ਹਾਲ ਅਬੋਹਰ ਨੂੰ ਆਰਜ਼ੀ ਓਪਨ ਜਲ੍ਹ ਘਸ਼ਿਤ ਕੀਤਾ ਗਿਆ ਹ ਅਤੇ ਕਰਫਿਓ ਦੀ ਓਲਘਣਾ ਕਰਨ ਵਾਲਿਆਂ ਨੂੰ ਇਸ ਓਪਨ ਜਲ੍ਹ ਵਿਚ ਰੱਖਿਆ ਜਾਵੇਗਾ ਤਾਂ ਜੋ ਮੌਜੂਦ ਸਬ ਜੇਲ੍ਹ ਵਿੱਚ ਭੀੜ ਦੀ ਸਥਿਤੀ ਪੈਦਾ ਨਾ ਹੋਵੇ।

## ਬਾਕਸ ਲਈ ਪ੍ਰਸਤਾਵਿਤ

### ਜ਼ਿਲ੍ਹਾ ਵਾਸੀਆਂ ਨੂੰ ਕਰਫਿਊ ਦੌਰਾਨ ਘਰਾਂ ਵਿੱਚੋਂ ਬਾਹਰ ਨਾ ਨਿਕਲਣ ਦੀ ਅਪੀਲ

ਓਨਾਂ ਸਾਰ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਓਹ ਕਾਨੂੰਨ ਦੀ ਪਾਲਣਾ ਕਰਨ ਅਤੇ ਕਰਫਿਓ ਦਰਾਨ ਘਰਾਂ ਵਿਚਂ ਬਾਹਰ ਨਾ ਨਿਕਲਣ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਫ਼ਾਜ਼ਿਲਕਾ ਵਿੱਚ 169 ਮੁਕੱਦਮੇ ਦਰਜ ਹੋਏ ਹਨ ਅਤੇ ਕੁੱਲ 382 ਵਿਅਕਤੀ ਗ੍ਰਿਫਤਾਰ ਕੀਤੇ ਜਾ ਚੁੱਕੇ ਹਨ ਅਤੇ 36 ਵਹੀਕਲ ਪੁਲਿਸ ਨੇ ਕਬਜੇ ਵਿੱਚ ਲਏ ਹਨ। ਉਨ੍ਹਾਂ ਦੱਸਿਆ ਕਿ ਲੋਕਾਂ ਨੂੰ ਜਾਗਰੂਕ ਕਰਨ ਲਈ ਸੋਸ਼ਲ ਮੀਡੀਆ ਸੈਲ ਰਾਹੀਂ ਸੁਨੇਹੇ ਦਿੱਤੇ ਜਾ ਰਹੇ ਹਨ ਤਾਂ ਲੋਕ ਘਰਾਂ ਵਿੱਚ ਰਹਿ ਕੇ ਕਰਫਿਊ ਨੂੰ ਸਫਲ ਬਣਾਉਣ। ਪੁਲਿਸ ਵੱਲੋਂ ਪੀਸਾ ਨਾਮ ਦੀ ਐਮਰਜੰਸੀ ਐਪ ਵੀ ਚਾਲੂ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਐਪ ਰਾਹੀਂ ਜ਼ਿਲ੍ਹੇ ਦਾ ਕੋਈ ਵੀ ਵਿਅਕਤੀ ਪੁਲਿਸ ਨੂੰ ਆਪਣੀ ਜ਼ਰੂਰਤ ਬਾਰੇ ਸੁਨੇਹਾ ਛੱਡ ਕੇ ਜਾਣੂੰ ਕਰਵਾ ਸਕਦਾ ਹੈ। ਇਸ ਤੋਂ ਇਲਾਵਾ 112 ਨੰਬਰ ਤੇ ਕਾਲ ਕਰਕੇ ਜ਼ਿਲ੍ਹੇ ਦੇ ਵਸਨੀਕ ਕਿਸੇ ਕਿਸਮ ਦੀ ਮਦਦ ਲਈ ਸੂਚਨਾ ਦੇ ਸਕਦੇ ਹਨ।

ਸੂਚਨਾ ਤੇ ਜ਼ਿਲ੍ਹਾ ਲੋਕ ਸੰਪਰਕ ਦਫ਼ਤਰ, ਫ਼ਾਜਿਲਕਾ

**ਕੋਵਿਡ 19**

# ਅਪ੍ਰੈਲ ਦੇ ਤੀਜੇ ਹਫ਼ਤੇ ਤੱਕ ਕੀਤੀ ਜਾ ਸਕਦੀ ਹੈ ਮੂੰਗੀ ਦੀ ਬਿਜਾਈ

*** ਸਾਲ 2019-2020 ਦੌਰਾਨ ਮੂੰਗੀ ਦਾ ਘੱਟੋ-ਘੱਟ ਸਮਰਥਨ ਮੁੱਲ 7050 ਰੁਪਏ ਪ੍ਰਤੀ ਕੁਇੰਟਲ ਮਿਥਿਆ**

ਫ਼ਾਜਿਲਕਾ, । ਅਪ੍ਰੈਲ

ਡਿਪਟੀ ਡਾਇਰੈਕਟਰ ਖੇਤੀਬਾੜੀ (ਦਾਲਾਂ) ਡਾ. ਬਹਾਦਰ ਸਿੰਘ ਸਿੱਧੂ ਨੇ ਦੱਸਿਆ ਕਿ ਗਰਮੀ ਰੁੱਤ ਦੀ ਮੂੰਗੀ ਦੀ ਬਿਜਾਈ ਦਾ ਢੁਕਵਾਂ ਸਮਾਂ ਭਾਵੇਂ 20 ਮਾਰਚ ਤੋਂ 10 ਅਪ੍ਰੈਲ ਤੱਕ ਹ, ਪਰ ਇਸ ਦੀ ਬਿਜਾਈ ਅਪ੍ਰੈਲ ਦੇ ਤੀਜੇ ਹਫ਼ਤੇ ਤੱਕ ਵੀ ਕੀਤੀ ਜਾ ਸਕਦੀ ਹੈ। ਪ੍ਰੈਸ ਨੂੰ ਜਾਰੀ ਇੱਕ ਬਿਆਨ ਰਾਹੀਂ ਉਨ੍ਹਾਂ ਕਿਸਾਨ ਵੀਰਾਂ ਨੂੰ ਸਲਾਹ ਦਿੰਦਿਆਂ ਕਿਹਾ ਕਿ ਬਿਜਾਈ ਲੇਟ ਹੋਣ ਨਾਲ ਫ਼ਸਲ ਦੇ ਪੱਕਣ ਸਮੇਂ ਮੌਨਸੂਨੀ ਬਾਰਿਸ਼ਾਂ ਨਾਲ ਨੁਕਸਾਨ ਹੋਣ ਦਾ ਡਰ ਬਣਿਆ ਰਹਿੰਦਾ ਹੈ।

ਉਨ੍ਹਾਂ ਦੱਸਿਆ ਕਿ ਪੀ.ਏ.ਯੂ. ਲੁਧਿਆਣਾ ਵੱਲੋਂ ਗਰਮੀ ਰੁੱਤ ਦੀਆਂ ਮੂੰਗੀ ਦੀਆਂ 4 ਕਿਸਮਾਂ ਐਸ.ਐਮ.ਐਲ-1827, ਐਸ.ਐਮ.ਐਲ-668, ਐਸ.ਐਮ.ਐਲ-832 ਤੇ ਟੀ.ਐਮ.ਬੀ.-37 ਦੀ ਸਿਫਾਰਿਸ਼ ਕੀਤੀ ਗਈ ਹੈ। ਐਸ.ਐਲ.ਐਨ-668 ਕਿਸਮ ਲਈ 15 ਕਿਲੋ ਤ ਬਾਕੀ ਦੀਆਂ 3 ਕਿਸਮਾਂ ਲਈ 12 ਕਿਲੋ ਬੀਜ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤੋਂ ਕੀਤੀ ਜਾਵੇ। ਪੰਜਾਬ ਦੇ ਸਾਰੇ ਜ਼ਿਲ੍ਹਿਆਂ ਨੂੰ ਉਨਾਂ ਦੀ ਮੰਗ ਅਨੁਸਾਰ ਐਸ.ਐਮ.ਐਲ-668 ਕਿਸਮ ਦੀ ਸਪਲਾਈ ਪਨਸੀਡ ਵੱਲੋਂ ਹੋ ਚੁਕੀ ਹੈ। ਜੇਕਰ ਫਿਰ ਵੀ ਕਿਸੇ ਜ਼ਿਲ੍ਹੇ ਦੀ ਹੋਰ ਮੰਗ ਹੈ ਤਾਂ ਕਿਸਾਨਾਂ ਦੀ ਮਗ ਅਨੁਸਾਰ ਬੀਜ 100 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਪਨਸੀਡ ਪਾਸੋਂ ਪ੍ਰਾਪਤ ਕੀਤਾ ਜਾ ਸਕਦਾ ਹੈ।

ਇਸ ਫ਼ਸਲ ਬਾਰੇ ਉਨ੍ਹਾਂ ਹੋਰ ਦੱਸਿਆ ਕਿ ਮੂੰਗੀ ਦੀਆਂ ਇਹ ਕਿਸਮਾਂ ਤਕਰੀਬਨ 60-62 ਦਿਨਾਂ ’ਚ ਪੱਕ ਜਾਂਦੀਆਂ ਹਨ। ਕਿਸਾਨ ਗਰਮੀ ਰੁੱਤ ਦੀ ਮੂੰਗੀ ਬੀਜ ਕੇ ਆਪਣੀ ਆਮਦਨ ’ਚ ਵਾਧਾ ਕਰ ਸਕਦੇ ਹਨ। ਆਮਦਨੀ ਵਿੱਚ ਵਾਧੇ ਦੇ ਨਾਲ-ਨਾਲ ਇਹ ਜ਼ਮੀਨ ਦੀ ਉਪਜਾਊ ਸ਼ਕਤੀ ਵੀ ਵਧਾਉਂਦੀਆਂ ਹਨ ਤੇ ਦਾਲਾਂ ਤਂ ਬਾਅਦ ਬੀਜੀਆਂ ਜਾਣ ਵਾਲੀਆਂ ਫ਼ਸਲਾਂ ਦਾ ਝਾੜ ਵੀ ਵਧਦਾ ਹੈ ਤੇ ਇਹ ਫ਼ਸਲ ਪਾਣੀ ਵੀ ਘੱਟ ਭਾਲਦੀ ਹੈ।

ਡਾ. ਸਿੱਧੂ ਨੇ ਇਹ ਵੀ ਜਾਣਕਾਰੀ ਦਿੱਤੀ ਕਿ ਸਾਲ 2019-2020 ਦੌਰਾਨ ਮੂੰਗੀ ਦਾ ਘੱਟੋ-ਘੱਟ ਸਮਰਥਨ ਮੁੱਲ 7050 ਰੁਪਏ ਪ੍ਰਤੀ ਕੁਇੰਟਲ ਮਿਥਿਆ ਗਿਆ ਹੈ। ਮੂੰਗੀ ਦੀ ਬਿਜਾਈ ਡਰਿੱਲ, ਬੀਜ ਜ਼ੀਰੋ ਟਿੱਲ ਡਰਿੱਲ ਜਾਂ ਹੈਪੀ ਸੀਡਰ ਨਾਲ ਵੀ ਕੀਤੀ ਜਾ ਸਕਦੀ ਹੈ। ਮੂੰਗੀ ਦੀ ਬਿਜਾਈ ਸਮੇਂ ਸਿਰਫ਼ 11 ਕਿਲੋ ਯੂਰੀਆ ਤੇ 100 ਕਿਲੋ ਸਿੰਗਲ ਸੁਪਰਫ਼ਾਸਫੇਟ ਦੀ ਵਰਤੋਂ ਕੀਤੀ ਜਾਵੇ। ਜੇਕਰ ਕਿਸਾਨਾਂ ਵੱਲੋਂ ਆਲੂਆਂ ਦੀ ਫ਼ਸਲ ਮਗਰੋ ਮੂੰਗੀ ਦੀ ਫਸਲ ਦੀ ਬਿਜਾਈ ਕੀਤੀ ਜਾਂਦੀ ਹੈ ਤਾਂ ਕੋਈ ਵੀ ਖਾਦ ਪਾਉਣ ਦੀ ਜ਼ਰੂਰਤ ਨਹੀਂ ਹੈ।

ਇਸ ਦੌਰਾਨ ਇਲਾਵਾ ਖੇਤੀਬਾੜੀ ਵਿਕਾਸ ਅਫਸਰ (ਦਾਲਾਂ) ਫ਼ਾਜਿਲਕਾ ਪਰਮਿੰਦਰ ਸਿੰਘ ਨੇ ਕਿਸਾਨਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੂੰਗੀ ਦੇ 1 ਏਕੜ ਦੇ ਬੀਜ ਨੂੰ ਤਕਰੀਬਨ 300 ਮਿਲੀਲੀਟਰ ਪਾਣੀ ਨਾਲ ਗਿੱਲਾ ਕਰਕੇ ਜੀਵਾਣੂੰ ਖਾਦ ਦਾ ਟੀਕਾ ਲਗਾ ਕੇ ਛਾਂ ’ਚ ਸੁਕਾਉਣ ਉਪਰੰਤ 1 ਘੰਟੇ ਦੇ ਅੰਦਰ-ਅੰਦਰ ਬਿਜਾਈ ਕਰਨ ਨਾਲ ਝਾੜ ਵਧਦਾ ਹੈ।

**ਸੂਚਨਾ ਤੇ ਜ਼ਿਲ੍ਹਾ ਲੋਕ ਸੰਪਰਕ ਦਫ਼ਤਰ, ਫ਼ਾਜ਼ਿਲਕਾ**

**ਵੱਖ-ਵੱਖ ਪਿੰਡਾਂ ਦੇ ਵਸਨੀਕਾਂ ਨੇ ਨਾਕੇ ਲਗਾ ਕੇ ਬਾਹਰੋਂ ਆਉਣ ਵਾਲੇ ਵਿਅਕਤੀਆਂ 'ਤੇ ਲਗਾਈ ਪਾਬੰਦੀ**

***ਪਿੰਡ 'ਚ ਬਾਹਰੋਂ ਆਉਣ ਵਾਲੇ ਵਿਅਕਤੀਆਂ ਦਾ ਰਿਕਾਰਡ ਕੀਤਾ ਜਾ ਰਿਹੈ ਦਰਜ**

***ਪਿੰਡਾਂ 'ਚ ਆਉਣ-ਜਾਣ ਵਾਲ ਵਿਅਕਤੀਆਂ ਦੇ ਹੱਥਾਂ ਨੂੰ ਸੈਨੀਟਾਈਜ਼ ਕਰਨ ਦੀ ਮੁਹਿੰਮ ਜਾਰੀ**

**ਫ਼ਾਜਿਲਕਾ, । ਅਪ੍ਰੈਲ :**

ਪੰਜਾਬ ਸਰਕਾਰ ਵਲੋਂ ਕੋਵਿਡ-A। ਖਿਲਾਫ ਵਿੱਢੀ ਜੰਗ ਖਿਲਾਫ ਕੋਰੋਨਾ ਦਾ ਡੱਟਕੇ ਮੁਕਾਬਲਾ ਕਰਨ ਲਈ ਪੰਚਾਇਤਾਂ ਅਤੇ ਪਿੰਡ ਵਾਸੀ ਵੀ ਅੱਗੇ ਆ ਰਹੇ ਹਨ। ਪਿੰਡਾਂ ਦੇ ਵਸਨੀਕਾਂ ਵਲੋਂ ਅਪਣਾਈ ਜਾ ਰਹੀ ਸਵੈ-ਇਕਾਂਤਵਾਸ ਮੁਹਿੰਮ ਲਾਹੇਵੰਦ ਸਾਬਿਤ ਹੋ ਰਹੀ ਹੈ। ਪਿੰਡ ਰਾਮਗੜ੍ਹ, ਨੁਕੇਰੀਆ, ਮੰਡੀ ਅਮੀਨਗੰਜ, ਚੱਕ ਸੋਹਨਾ ਸੰਦੜ ਆਦਿ ਦੇ ਵਸਨੀਕਾਂ ਨੇ ਨਾਕੇ ਲਗਾ ਕੇ ਬਾਹਰੋਂ ਆਉਣ ਵਾਲੇ ਵਿਅਕਤੀਆਂ 'ਤੇ ਪਾਬੰਦੀ ਲਗਾ ਕੇ ਇਕਾਂਤਵਾਸ ਦੀ ਮਿਸਾਲ ਪੇਸ਼ ਕੀਤੀ ਹੈ।

ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ੍ਰੀ ਨਵਲ ਰਾਮ ਨੇ ਦੱਸਿਆ ਕਿ ਪਿੰਡਾਂ ਦੀਆਂ ਪੰਚਾਇਤਾਂ ਵਲੋਂ ਪਿੰਡ ਨੂੰ ਲੱਗਦੇ ਰਸਤਿਆਂ 'ਤੇ ਬੈਰੀਕੇਟਿੰਗ ਕਰਵਾਈ ਗਈ ਹੈ। ਉਨ੍ਹਾਂ ਕਿਹਾ ਕਿ ਪਿੰਡ ਤੋਂ ਬਾਹਰ ਵਾਲੇ ਵਿਅਕਤੀ ਨੂੰ ਪਿੰਡ ਵਿੱਚ ਦਾਖਲ ਨਹੀਂ ਹੋਣ ਦਿੱਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਬਾਹਰੋਂ ਜੇਕਰ ਕੋਈ ਪਿੰਡ ਦਾ ਵਿਅਕਤੀ ਐਮਰਜੈਂਸੀ ਹਾਲਾਤ ਦੌਰਾਨ ਬਾਹਰ ਜਾਣਾ ਚਾਹੁੰਦਾ ਹੈ, ਤਾਂ ਉਸ ਦਾ ਪੂਰਾ ਵੇਰਵਾ ਰਜਿਸਟਰ 'ਤੇ ਦਰਜ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਆਉਣ-ਜਾਣ ਵਾਲੇ ਪਿੰਡ ਦੇ ਵਸਨੀਕਾਂ ਦੇ ਹੱਥਾਂ ਨੂੰ ਸੈਨੀਟਾਈਜ਼ ਵੀ ਕੀਤਾ ਜਾ ਰਿਹਾ ਹੈ।

ਤਸਵੀਰਾਂ 1 ਤੋਂ 3

ਕੋਰੋਨਾ ਵਾਇਰਸ ਦੀ ਫੈਲੀ ਬਿਮਾਰੀ ਕਾਰਨ ਪਿੰਡਾਂ ਦੇ ਵਸਨੀਕਾਂ ਨੇ ਨਾਕੇ ਲਗਾ ਕੇ ਪਿੰਡ ਵਿੱਚ ਬਾਹਰ ਤੋਂ ਆਏ ਵਿਅਕਤੀਆਂ 'ਤੇ ਪਾਬੰਦੀ ਲਗਾ ਕੇ ਆਪਣੇ ਪਿੰਡ ਨੂੰ ਸੁਰੱਖਿਅਤ ਰੱਖਣ ਦਾ ਪ੍ਰਣ ਕੀਤਾ।